BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਡਿਸਟਿੰਗੁਇਸ਼ਿਡ ਬਜਟ ਪ੍ਰੈਜੈਂਟੇਸ਼ਨ ਅਵਾਰਡ ਹਾਸਲ ਕੀਤਾ

ਬ੍ਰੈਂਪਟਨ, ਓਨਟੈਰੀਓ (29 ਅਗਸਤ, 2022) – ਸਿਟੀ ਆਫ ਬ੍ਰੈਂਪਟਨ ਨੇ ਲਗਾਤਾਰ ਸੱਤਵੇਂ ਸਾਲ, ਅਮਰੀਕਾ ਅਤੇ ਕੈਨੇਡਾ ਦੀ ਗਵਰਨਮੈਂਟ ਫਾਈਨੈਂਸ ਔਫਿਸਰਸ ਐਸੋਸੀਏਸ਼ਨ (ਜੀ.ਐਫ.ਓ.ਏ.) (Government Finance Officers Association) (GFOA) ਤੋਂ ਡਿਸਟਿੰਗੁਇਸ਼ਡ ਬਜਟ ਪ੍ਰੈਜੈਂਟੇਸ਼ਨ ਅਵਾਰਡ (Distinguished Budget Presentation Award) ਹਾਸਲ ਕੀਤਾ ਹੈ।

ਇਹ ਅਵਾਰਡ, ਸਰਕਾਰੀ ਬਜਟ ਬਣਾਉਣ ਦੇ ਸਭ ਤੋਂ ਉੱਚੇ ਸਿਧਾਂਤਾਂ ਨੂੰ ਪੂਰੀ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦੇ ਹੋਏ, ਸਿਟੀ ਆਫ ਬ੍ਰੈਂਪਟਨ ਲਈ ਕਾਫੀ ਵੱਡੀ ਉਪਲਬਧੀ ਨੂੰ ਦਰਸਾਉਂਦਾ ਹੈ। ਡਿਸਟਿੰਗੁਇਸ਼ਡ ਬਜਟ ਪ੍ਰੈਜੈਂਟੇਸ਼ਨ ਅਵਾਰਡ ਹਾਸਲ ਕਰਨ ਲਈ, ਸਿਟੀ ਆਫ ਬ੍ਰੈਂਪਟਨ ਨੇ ਪ੍ਰਭਾਵਸ਼ਾਲੀ ਬਜਟ ਪੇਸ਼ ਕਰਨ ਲਈ ਰਾਸ਼ਟਰੀ ਤੌਰ ਤੇ ਮਾਨਤਾ ਪ੍ਰਾਪਤ ਗਾਈਡਲਾਈਨਾਂ ਨੂੰ ਪੂਰਾ ਕੀਤਾ ਸੀ। ਇਹਨਾਂ ਗਾਈਡਲਾਈਨਾਂ ਵਿੱਚ ਸ਼ਾਮਲ ਹਨ:

- ਨੀਤੀ ਦਸਤਾਵੇਜ਼;
- ਵਿੱਤੀ ਯੋਜਨਾ;
- ਓਪਰੇਸ਼ਨਸ ਗਾਈਡ; ਅਤੇ
- ਸੰਚਾਰ ਡਿਵਾਈਸ।

ਇਹ ਅਵਾਰਡ ਹਾਸਲ ਕਰਨ ਲਈ, ਬਜਟ ਦਸਤਾਵੇਜ਼ਾਂ ਦੀ ਸਾਰੀਆਂ ਚਾਰ ਸ਼੍ਰੇਣੀਆਂ ਵਿੱਚ ਅਤੇ 14 ਲਾਜ਼ਮੀ ਮਾਪਦੰਡਾਂ ਵਿੱਚ ਸ਼ਾਨਦਾਰ ਰੇਟਿੰਗ ਹੋਣੀ ਲਾਜ਼ਮੀ ਹੈ। 2022 ਦੇ ਬਜਟ ਵਿੱਚ ਹੈਲਥ ਕੇਅਰ ਵਿਸਤਾਰ ਦੀ ਹਿਮਾਇਤ ਲਈ ਇੱਕ ਪ੍ਰਤੀਸ਼ਤ ਲੇਵੀ ਸ਼ਾਮਲ ਹੈ, ਇਹ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਕਾਇਮ ਰੱਖਦਾ ਹੈ, ਇੰਫਰਾਸਟ੍ਰਕਚਰ ਵਿੱਚ ਰਿਕਾਰਡ ਯੋਗਦਾਨ ਦਿੰਦਾ ਹੈ ਅਤੇ ਕਾਰੋਬਾਰ ਵਾਧੇ ਵਿੱਚ ਸਹਾਇਤਾ ਕਰਦਾ ਹੈ।

ਜੀ.ਐਫ.ਓ.ਏ. ਦੇ ਬਜਟ ਅਵਾਰਡਸ ਪ੍ਰੋਗਰਾਮ (Budget Awards Program) ਵਿੱਚ 1,700 ਤੋਂ ਵੱਧ ਭਾਗੀਦਾਰ ਹਨ। ਜੀ.ਐਫ.ਓ.ਏ., 21,000 ਤੋਂ ਵੱਧ ਮੈਂਬਰਾਂ ਲਈ ਬਿਹਤਰ ਪੱਧਤੀਆਂ, ਪ੍ਰੋਫੈਸ਼ਨਲ ਵਿਕਾਸ, ਵਸੀਲੇ ਅਤੇ ਪ੍ਰੈਕਟੀਕਲ ਰਿਸਰਚ ਪ੍ਰਦਾਨ ਕਰਕੇ, ਸਰਕਾਰੀ ਵਿੱਤ ਵਿਵਸਥਾ ਵਿੱਚ ਉੱਤਮਤਾ ਨੂੰ ਅੱਗੇ ਵਧਾਉਂਦੀ ਹੈ।

**ਹਵਾਲੇ**

"ਸਾਡੇ 2022 ਦੇ ਬਜਟ ਲਈ ਗਵਰਨਮੈਂਟ ਫਾਈਨੈਂਸ ਔਫਿਸਰਸ ਐਸੋਸੀਏਸ਼ਨ ਤੋਂ ਡਿਸਟਿੰਗੁਇਸ਼ਡ ਬਜਟ ਪ੍ਰੈਜੈਂਟੇਸ਼ਨ ਅਵਾਰਡ ਜਿੱਤਣਾ ਇੱਕ ਪ੍ਰਭਾਵਸ਼ਾਲੀ ਉਪਲਬਧੀ ਹੈ, ਜੋ ਸਰਕਾਰੀ ਬਜਟ ਬਣਾਉਣ ਦੇ ਸਭ ਤੋਂ ਉੱਚੇ ਸਿਧਾਂਤਾਂ ਨੂੰ ਪੂਰਾ ਕਰਨ ਵਿੱਚ ਸਾਡੇ ਯਤਨਾਂ ਨੂੰ ਦਰਸਾਉਂਦੀ ਹੈ। ਇਹ ਅਵਾਰਡ, ਜੋ ਸਿਟੀ ਨੇ ਲਗਾਤਾਰ ਸੱਤ ਸਾਲਾਂ ਤੱਕ ਹਾਸਲ ਕੀਤਾ ਹੈ, ਬ੍ਰੈਂਪਟਨ ਦੇ ਨਿਵਾਸੀਆਂ ਅਤੇ ਕਾਰੋਬਾਰਾਂ ਲਈ, ਵਿੱਤੀ ਪਾਰਦਰਸ਼ਕਤਾ ਅਤੇ ਵਧੀਆ ਸ਼ਾਸਨ ਦੇ ਪ੍ਰਤੀ ਸਾਡੀ ਸਮਰਪਿਤ ਵਚਨਬੱਧਤਾ ਨੂੰ ਸਨਮਾਨਿਤ ਕਰਦਾ ਹੈ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ, ਬਜਟ ਕਮੇਟੀ ਦੇ ਚੇਅਰ*

"ਬਜਟ ਪ੍ਰਕਿਰਿਆ, ਕਾਉਂਸਿਲ, ਸਟਾਫ, ਨਿਵਾਸੀਆਂ ਅਤੇ ਸਾਡੀ ਕਾਰੋਬਾਰ ਕਮਿਉਨਿਟੀ ਦੇ ਵਿਚਕਾਰ ਤਾਲਮੇਲ ਹੈ, ਜੋ ਬ੍ਰੈਂਪਟਨ ਦੇ ਭਵਿੱਖ ਨੂੰ ਵਧੀਆ ਬਣਾਉਣ ਵਿੱਚ ਮਦਦ ਕਰਦਾ ਹੈ। ਸਾਨੂੰ ਲਗਾਤਾਰ ਸੱਤਵੇਂ ਸਾਲ ਲਈ ਇਸ ਡਿਸਟਿੰਗੁਇਸ਼ਡ ਅਵਾਰਡ ਦੇ ਨਾਲ ਸਨਮਾਨਿਤ ਹੋਣ ਤੇ ਮਾਣ ਹੈ।"

- *ਪਾਲ ਵਿਸੇਂਟ (Paul Vicente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਅਤੇ ਵਾਈਸ ਚੇਅਰ, ਬਜਟ ਕਮੇਟੀ, ਸਿਟੀ ਆਫ ਬ੍ਰੈਂਪਟਨ*

“ਚੰਗੀ-ਤਰ੍ਹਾਂ ਸੰਚਾਲਿਤ ਸ਼ਹਿਰ ਹੋਣ ਵਜੋਂ, ਬ੍ਰੈਂਪਟਨ ਸਿਟੀ ਕਾਉਂਸਿਲ ਅਤੇ ਸਟਾਫ, ਸਾਡੀ ਕਮਿਉਨਿਟੀ ਲਈ ਸਭ ਤੋਂ ਵਧੀਆ ਸੇਵਾਵਾਂ ਪ੍ਰਦਾਨ ਕਰਨ ਵਿੱਚ ਉੱਤਮਤਾ ਦਾ ਯਤਨ ਕਰਦੇ ਹਨ। ਸਰਕਾਰੀ ਬਜਟ ਬਣਾਉਣ ਵਿੱਚ ਇਹ ਪ੍ਰਭਾਵਸ਼ਾਲੀ ਅਵਾਰਡ ਮਿਲਣ ਤੇ ਸਾਨੂੰ ਮਾਣ ਹੈ ਅਤੇ ਅਸੀਂ, ਬ੍ਰੈਂਪਟਨ ਦੇ ਨਿਵਾਸੀਆਂ ਅਤੇ ਕਾਰੋਬਾਰੀਆਂ ਲਈ, ਇਸ ਸਾਲ ਦੂਜਾ ਉੱਚ-ਕਿਸਮ ਦਾ, ਸਪਸ਼ਟ ਅਤੇ ਪਹੁੰਚਯੋਗ ਬਜਟ ਪ੍ਰਸਤਾਵ ਵਿਕਸਿਤ ਕਰਨ ਲਈ ਉਤਸ਼ਾਹਿਤ ਹਾਂ।”

*- ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 70,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ
Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca